


ਪਿਆਰੇ ਮਾਤਾ/ਪਿਤਾ/ਨਿਗਰਾਨ ਜੀ,

ਸਾਡੇ ਸਕਲਾਂ ਦੀ ਪਭਾਵਸ਼ੀਲਤਾ ਨੰ ਵਧਾਉਣ ਦੀ ਸਾਡੀ ਕੋਸ਼ਸ਼ ‘ਚ ਹਾਲਟਨ ਡਿਸਟ੍ਰਿਕਟ ਸਕਲ ਬੋਰਡ *ਆਪਣੇ ਵਿਚਾਰ ਦੱਸੋ* (*Have Your Say*) ਸਰਵੇਖਣ ਵਿੱਚ ਹਿੱਸਾ ਲੈਣ ਲਈ ਤਹਾਨੰ ਸੱਦਾ ਦਿੰਦਾ ਹੈ। ਸਿੱਖਿਆ ਦੇ ਖੇਤਰ ਵਿੱਚ ਸਾਡੇ ਇੱਕ ਭਾਈਵਾਲ ਵਜੋਂ, ਤਹਾਡਾ ਯੋਗਦਾਨ ਅਹਿਮ  ਅਤੇ ਸ਼ਲਾਘਾ ਯੋਗ ਹੈ। ਅਸੀਂ ਸਮਝਦੇ ਹਾਂ ਕਿ ਵਿਦਿਆਰਥੀ ਦੀ ਕਾਮਯਾਬੀ ਲਈ ਤਹਾਡੀ ਸ਼ਮਲੀਅਤ ਬਹਤ ਜ਼ਰਰੀ ਹੈ, ਇਸ ਕਰਕੇ ਅਸੀਂ ਤਹਾਡੇ ਨਾਲ ਸੰਪਰਕ ਕਰਕੇ ਤਹਾਨੰ ਇੱਕ ਆਨਲਾਈਨ ਸਰਵੇਖਣ ਪਰਾ ਕਰਨ ਦਾ ਸੱਦਾ ਦੇ ਰਹੇ ਹਾਂ ਤਾਂ ਜੋ ਤਸੀਂ ਸਾਨੰ ਆਪਣੇ ਵਿਚਾਰ ਦੱਸ ਸਕੋ। ਮਾਪਿਆਂ ਦੇ ਵਿਚਾਰ ਵੱਡਮੱਲੇ ਅਤੇ ਸ਼ਲਾਘਾ ਯੋਗ ਹੰਦੇ ਹਨ। ਅਸੀਂ ਮਾਪਿਆਂ ਨੰ ਉਹਨਾਂ ਦੇ ਬੱਚੇ ਦੇ ਸਕਲ ਨਾਲ ਜੜੇ ਅਜਿਹੇ ਮੁੱਦਿਆਂ 'ਤੇ ਵਿਚਾਰ ਦੱਸਣ ਲਈ ਆਖ ਰਹੇ ਹਾਂ ਜਿਵੇਂ: ਸਿੱਖਣ ਦੇ ਅਵਸਰ, ਆਪਸੀ ਗੱਲਬਾਤ, ਸਕਲ ਵਿੱਚ ਸ਼ਮਲੀਅਤ, ਤਕਨਾਲੋਜੀ ਦੀ ਵਰਤੋਂ, ਸਿੱਖਣ ਲਈ ਸਮਾਨਤਾ ਅਤੇ ਸਭ ਨੰ ਸ਼ਾਮਿਲ ਕਰਨ ਵਾਲਾ ਮਾਹੌਲ, ਅਤੇ ਆਵਾਜਾਈ। ਸਰਵੇਖਣ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਸਕਾਰਾਤਮਕ ਮਾਹੌਲ ਲਗਾਤਾਰ ਪੈਦਾ ਕਰਨ ਵਿੱਚ ਸਕਲਾਂ ਦੀ ਮਦਦ ਕਰਨ, ਸਕਲ ਵਿੱਚ ਸਧਾਰ ਅਤੇ ਕਲਿਆਣ ਯੋਜਨਾਵਾਂ ਲਈ ਜਾਣਕਾਰੀ ਪ੍ਰਦਾਨ ਕਰਨ ਅਤੇ ਇੱਕ ਹਿਮਾਇਤ ਕਰਨ ਵਾਲੇ ਭਾਈਚਾਰੇ ਨੂੰ ਬਣਾਉਣ ਵਿੱਚ ਮਾਪਿਆਂ ਦੇ ਵਿਚਾਰਾਂ ਨੂੰ ਸ਼ਾਮਿਲ ਕਰਨ ਲਈ ਕੀਤੀ ਜਾ ਰਹੀ ਹੈ।

ਇਹ ਸਰਵੇਖਣ ਹਾਲਟਨ ਡਿਸਟ੍ਰਿਕਟ ਸਕਲ ਬੋਰਡ ਦੇ ਬੱਚਿਆਂ ਦੇ ਸਾਰੇ ਮਾਪਿਆਂ ਲਈ 1 ਫ਼ਰਵਰੀ ਤੋਂ 29 ਮਾਰਚ 2019 ਤਕ ਚਾਲ ਰਹੇਗਾ। ਤੁਹਾਡੇ ਜਵਾਬਾਂ ਨੂੰ ਗੁਪਤ ਰੱਖਿਆ ਜਾਏਗਾ ਅਤੇ ਸਵਾਲਨਾਮੇ ਨੂੰ ਭਰਨ ਵਿੱਚ ਤਕਰੀਬਨ 10-15 ਮਿੰਟ ਲਗਣਗੇ। ਮਾਪਿਆਂ ਲਈ ਸਰਵੇਖਣ ਹੇਠਲੀਆਂ ਭਾਸ਼ਾਵਾਂ ਵਿੱਚ ਉਪਲਬਧ ਹਨ: ਅੰਗਰੇਜ਼ੀ, **ਫ੍ਰੈਂਚ**,ਪੰਜਾਬੀ, ਉਰਦੂ, ਅਰਬੀ, ਮੈਂਡਰਿਨ ਅਤੇ ਹਿੰਦੀ।

ਇਹ ਸਰਵੇਖਣ ਆਨਲਾਈਨ ਵੀ ਉਪਲਬਧ ਹੈ ਜਿਸਦੇ ਲਈ ਤਸੀਂ https://www.haveyoursayhdsb.ca/ 'ਤੇ ਜਾਓ। ਹੇਠਲੀ ਤਸਵੀਰ ਇਸ ਸਰਵੇਖਣ ਤਕ ਪਹੰਚਣ ਦਾ ਰਸਤਾ ਦੱਸਦੀ ਹੈ। “Parents/Guardians” 'ਤੇ ਕਲਿੱਕ ਕਰਕੇ ਅਤੇ ਆਪਣੀ ਮਨਪਸੰਦ ਭਾਸ਼ਾ ਦੀ ਚੋਣ ਕਰਕੇ ਤੁਸੀਂ ਸਰਵੇਖਣ ਦੀ ਛਾਪਣ-ਯੋਗ ਕਾਪੀ ਪ੍ਰਾਪਤ ਕਰ ਸਕਦੇ ਹੋ।




ਕਿਰਪਾ ਕਰਕੇ ਭਰੇ ਹੋਏ ਸਰਵੇਖਣ ਨੂੰ ਇਸ ਪੱਤਰ ਨਾਲ ਭੇਜੇ ਗਏ HDSB Research Department ਵਾਲੇ ਲੇਬਲ ਵਾਲੇ ਲਿਫਾਫੇ ਵਿੱਚ ਪਾ ਕੇ ਵਾਪਸ ਭੇਜ ਦਿਓ।

ਸ਼ੁਭਚਿੰਤਕ,
Stuart Miller
ਡਾਇਰੈਕਟਰ ਆਫ਼ ਐਜੁਕੇਸ਼ਨ
ਹਾਲਟਨ ਡਿਸਟ੍ਰਿਕਟ ਸਕੂਲ ਬੋਰਡ

**ਹਾਲਟਨ ਡਿਸਟ੍ਰਿਕਟ ਸਕੂਲ ਬੋਰਡ**

ਅਸੀਂ ਤੁਹਾਡੇ ਕੋਲੋਂ ਤੁਹਾਡੇ ਬੱਚੇ/ਬੱਚਿਆਂ ਦੇ ਸਕੂਲ ਦੇ ਬਾਰੇ ਅਤੇ ਸਕੂਲ ਵਿੱਚ ਉਹਨਾਂ ਨੂੰ ਮਿਲਣ ਵਾਲੀ ਸਿੱਖਿਆ ਦੇ ਬਾਰੇ ਤੁਹਾਡੇ ਬੋਧ ਜਾਂ ਗਿਆਨ ਬਾਰੇ ਕੁਝ ਸਵਾਲ ਪੁੱਛਣਾ ਚਾਹਵਾਂਗੇ। ਕਿਰਪਾ ਕਰਕੇ ਇਸ ਸਰਵੇਖਣ ਨੂੰ ਪੂਰਾ ਕਰਦੇ ਸਮੇਂ ਸਿਰਫ ਇੱਕ ਸਕੂਲ ਨੂੰ ਧਿਆਨ ਵਿੱਚ ਰੱਖੋ। ਜਿਹੜੇ ਮਾਪਿਆਂ/ਨਿਗਰਾਨਾਂ ਦੇ ਬੱਚੇ ਵੱਖ ਵੱਖ ਸਕੂਲਾਂ ਵਿੱਚ ਪੜ੍ਹਦੇ ਹਨ, ਉਹ ਇੱਕ ਤੋਂ ਵੱਧ ਸਰਵੇਖਣ (ਹਰ ਸਕੂਲ ਲਈ ਇੱਕ) ਪੂਰੇ ਕਰ ਸਕਦੇ ਹਨ।

1. ਕਿਰਪਾ ਕਰਕੇ ਦੱਸੋ ਕਿ ਤੁਸੀਂ ਆਪਣੇ ਬੱਚੇ/ਬੱਚਿਆਂ ਦੇ ਸਕੂਲ ਬਾਰੇ ਹੇਠਲੇ ਬਿਆਨਾਂ ਨਾਲ ਕਿਸ ਹੱਦ ਤਕ ਸਹਿਮਤ ਜਾਂ ਅਸਹਿਮਤ ਹੋ:

| | ਪੂਰੀ ਤਰ੍ਹਾਂ ਸਹਿਮਤ ਹਾਂ | ਕੁਝ ਹੱਦ ਤਕ ਸਹਿਮਤ ਹਾਂ | ਕੁਝ ਹੱਦ ਤਕ ਅਸਹਿਮਤ ਹਾਂ | ਪੂਰੀ ਤਰ੍ਹਾਂ ਅਸਹਿਮਤ ਹਾਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| ਸਕੂਲ ਸਾਡੇ ਪਰਿਵਾਰ ਲਈ ਇੱਕ ਆਦਰ-ਸਤਿਕਾਰ ਵਾਲਾ ਮਾਹੌਲ ਮੁਹੱਈਆ ਕਰਦਾ ਹੈ। | ☐ | ☐ | ☐ | ☐ | ☐ |
| ਕੂਲ ਮੇਰੇ ਬੱਚੇ/ਬੱਚਿਆਂ ਲਈ ਸੁਰੱਖਿਅਤ ਮਾਹੌਲ ਮੁਹੱਈਆ ਕਰਦਾ ਹੈ। | ☐ | ☐ | ☐ | ☐ | ☐ |
| ਰਾ ਬੱਚਾ/ਮੇਰੇ ਬੱਚੇ ਸਕੂਲ ਜਾਣ ਲਈ ਆਮ ਤੌਰ 'ਤੇ ਉਤਸ਼ਾਹਤ ਰਹਿੰਦਾ ਹੈ/ਰਹਿੰਦੇ ਹਨ। | ☐ | ☐ | ☐ | ☐ | ☐ |
| ਰੇ ਬੱਚੇ/ਬੱਚਿਆਂ ਦੀ ਪੜ੍ਹਾਈ ਵਿੱਚ ਸਕੂਲ ਮੈਨੂੰ ਇੱਕ ਮੁੱਲਵਾਨ ਪਾਰਟਨਰ ਵਜੋਂ ਮਹਿਸੂਸ ਕਰਾਉਂਦਾ ਹੈ। | ☐ | ☐ | ☐ | ☐ | ☐ |
| ਕੂਲ ਮੇਰੇ ਨਾਲ ਇੱਕ ਮਾਤਾ-ਪਿਤਾ/ਨਿਗਰਾਨ ਵਜੋਂ ਕਾਰਗਰ ਵਿਚਾਰ-ਵਟਾਂਦਰਾ ਕਰਦਾ ਹੈ। | ☐ | ☐ | ☐ | ☐ | ☐ |

2.

| | ਬਹੁਤ ਜ਼ਿਆਦਾ | ਵਾਜਬ ਸੰਖਿਆ | ਬਹੁਤ ਘੱਟ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|
| ਕਿਰਪਾ ਕਰਕੇ ਇੱਕ ਮਾਤਾ-ਪਿਤਾ ਵਜੋਂ ਸਕੂਲ ਤੋਂ ਮਿਲਣ ਵਾਲੇ ਪੱਤਰ-ਵਿਹਾਰ ਦੀ ਵਾਰਵਾਰਤਾ ਬਾਰੇ ਆਪਣਾ ਵਿਚਾਰ ਦੱਸੋ। | ☐ | ☐ | ☐ | ☐ |

3. ਸਕੂਲ ਵਲੋਂ ਜਾਣਕਾਰੀ ਪ੍ਰਾਪਤ ਕਰਨ ਦੇ ਤੁਹਾਡੇ ਮਨਪਸੰਦ ਤਰੀਕੇ ਕਿਹੜੇ ਹਨ [**ਆਪਣੇ ਸਭ ਤੋਂ ਵੱਧ ਮਨਪਸੰਦ ਤਿੰਨ ਤਰੀਕੇ ਚੁਣੋ**]
   - ☐ਬੱਚੇ ਦੇ ਹੱਥ ਘਰ ਭੇਜੀਆਂ ਗਈਆਂ ਚਿੱਠੀਆਂ
   - ☐ਈਮੇਲ
   - ☐ਸਕੂਲ ਦੀ ਵੈਬਸਾਈਟ
   - ☐ਆਟੋਮੇਟਿਡ ਵੌਇਸ ਮੇਲ
   - ☐ਫੋਨ ਕਾਲ
   - ☐ਸਕੂਲ ਸਾਈਨਬੋਰਡ
   - ☐ਸੋਸ਼ਲ ਮੀਡਿਆ (ਜਿਵੇਂ, ਟਵਿੱਟਰ, ਫੇਸਬੁਕ)
   - ☐ਨਿਊਜ਼ਲੈਟਰ
   - ☐ਹੋਰ

4. [**ਜੇ ਕੋਈ ਹੋਰ ਹੈ**] ਤੁਸੀਂ ਦੱਸਿਆ ਹੈ ਕਿ ਤੁਸੀਂ ਜਾਣਕਾਰੀ ਭੇਜਣ ਦਾ ਕੋਈ ਤਰੀਕਾ ਪਸੰਦ ਕਰਦੇ ਹੋ। ਕੀ ਤੁਸੀਂ ਦੱਸ ਸਕਦੇ ਹੋ, ਕਿਹੜਾ? [ਖੁੱਲ੍ਹੇ **ਸਿਰੇ ਵਾਲੀ ਇੱਕ ਲਾਈਨ**]

5. ਆਪਣੇ ਬੱਚੇ/ਬੱਚਿਆਂ ਦੇ ਸਕੂਲ ਦੇ ਕੰਮ ਵਿੱਚ ਹਿੱਸਾ ਤੁਸੀਂ ਕਿਸ ਤਰੀਕੇ ਨਾਲ ਲੈਣਾ ਪਸੰਦ ਕਰੋਗੇ? [**ਆਪਣੇ ਸਭ ਤੋਂ ਵੱਧ ਮਨਪਸੰਦ ਦੋ ਤਰੀਕੇ ਚੁਣੋ**]

☐ਨਿੱਜੀ ਤੌਰ 'ਤੇ ਮਿਲਣਾ
☐ਔਨਲਾਈਨ (ਜਿਵੇਂ, ਕੋਈ ਵੋਟਿੰਗ, ਸਰਵੇਖਣ)
☐ਈਮੇਲ
☐ਟੈਲੀਫੋਨ
☐ਸਕੂਲ ਕਾਉਂਸਿਲ
☐ਸਕੂਲ ਦੀ ਵੈਬਸਾਈਟ
☐ਸੋਸ਼ਲ ਮੀਡਿਆ (ਜਿਵੇਂ, ਟਵਿੱਟਰ, ਫੇਸਬੁਕ)
☐ਹੋਰ

6. [**ਜੇ ਕੋਈ ਹੋਰ ਹੈ**] ਤੁਸੀਂ ਦੱਸਿਆ ਹੈ ਕਿ ਤੁਸੀਂ ਸਕੂਲ ਦੇ ਕੰਮ ਵਿੱਚ ਹਿੱਸਾ ਕਿਸੇ ਹੋਰ ਤਰੀਕੇ ਨਾਲ ਲੈਣਾ ਪਸੰਦ ਕਰੋਗੇ। ਕੀ ਤੁਸੀਂ ਦੱਸ ਸਕਦੇ ਹੋ, ਕਿਹੜੇ? [ਖੁੱਲ੍ਹੇ **ਸਿਰੇ ਵਾਲੀ ਇੱਕ ਲਾਈਨ**]

7.

| | ਬਹੁਤ ਕਾਰਗਰ | ਕਾਰਗਰ | ਜ਼ਿਆਦਾ ਕਾਰਗਰ ਨਹੀਂ | ਬਿਲਕੁਲ ਵੀ ਕਾਰਗਰ ਨਹੀਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| ਜਿੱਥੋਂ ਤਕ ਵਿਦਿਆਰਥੀਆਂ ਨੂੰ ਉੱਚੇ ਦਰਜੇ ਦੀ ਸਿੱਖਿਆ ਦੇਣ ਦਾ ਸਵਾਲ ਹੈ, ਤੁਹਾਡੇ ਬੱਚੇ/ਬੱਚਿਆਂ ਦਾ ਸਕੂਲ ਇਸ ਕੰਮ ਵਿੱਚ ਕਿੰਨਾਂ ਕਾਰਗਰ ਹੈ? | ☐ | ☐ | ☐ | ☐ | ☐ |

ਅਗਲੇ ਸਵਾਲ ਹੋਮਵਰਕ ਦੇ ਬਾਰੇ ਹਨ।

8. ਹੋਮਵਰਕ ਦੇ ਮਾਮਲੇ ਵਿੱਚ ਤੁਹਾਡੇ ਬੱਚੇ/ਬੱਚਿਆਂ ਦੇ ਸਬੰਧ ਵਿੱਚ ਤੁਹਾਡੇ ਸਮੁੱਚੇ ਤਜਰਬੇ ਨੂੰ ਧਿਆਨ ਵਿੱਚ ਰੱਖਦੇ ਹੋਏ, ਤੁਸੀਂ ਹੇਠਲੇ ਬਿਆਨਾਂ ਨਾਲ ਕਿਸ ਹੱਦ ਤਕ ਸਹਿਮਤ ਹੋ?

| | ਪੂਰੀ ਤਰ੍ਹਾਂ ਸਹਿਮਤ ਹਾਂ | ਕੁਝ ਹੱਦ ਤਕ ਸਹਿਮਤ ਹਾਂ | ਕੁਝ ਹੱਦ ਤਕ ਅਸਹਿਮਤ ਹਾਂ | ਪੂਰੀ ਤਰ੍ਹਾਂ ਅਸਹਿਮਤ ਹਾਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) | ਲਾਗੂ ਨਹੀਂ ਹੁੰਦਾ/ਕੋਈ ਹੋਮ ਵਰਕ ਨਹੀਂ |
|---|---|---|---|---|---|---|
| ਆਮ ਤੌਰ 'ਤੇ ਮੇਰੇ ਬੱਚੇ/ਬੱਚਿਆਂ ਨੂੰ ਮਿਲਣ ਵਾਲੇ ਹੋਮਵਰਕ ਮੁੱਲਵਾਨ ਹੁੰਦੇ ਹਨ। | ☐ | ☐ | ☐ | ☐ | ☐ | ☐ |
| ਹੋਮਵਰਕ ਦੀ ਮਾਤਰਾ ਆਮ ਤੌਰ 'ਤੇ ਮੇਰੇ ਬੱਚੇ/ਬੱਚਿਆਂ ਦੇ ਗਰੇਡ ਮੁਤਾਬਕ ਸਹੀ ਹੁੰਦੀ ਹੈ। | ☐ | ☐ | ☐ | ☐ | ☐ | ☐ |
| ਦਿੱਤਾ ਗਿਆ ਹੋਮਵਰਕ ਮੇਰੇ ਬੱਚੇ/ਬੱਚਿਆਂ ਦੀ ਸਿਖਲਾਈ ਵਿੱਚ ਪਰਗਤੀ ਲਈ ਅਰਥਪੂਰਨ ਹੁੰਦਾ ਹੈ। | ☐ | ☐ | ☐ | ☐ | ☐ | ☐ |
| ਮੇਰੇ ਬੱਚੇ/ਬੱਚਿਆਂ ਨੂੰ ਮਿਲਣ ਵਾਲੇ ਹੋਮਵਰਕ ਦੇ ਪਿੱਛੇ ਛੁਪੇ ਤਰਕ ਨੂੰ ਮੈਂ ਸਮਝਦਾ/ਸਮਝਦੀ ਹਾਂ। | ☐ | ☐ | ☐ | ☐ | ☐ | ☐ |
| ਆਮ ਤੌਰ 'ਤੇ ਮੇਰਾ ਬੱਚਾ/ਮੇਰੇ ਬੱਚੇ ਹੋਮਵਰਕ ਤੋਂ ਕੀਤੀ ਜਾਣ ਵਾਲੀ ਆਸ ਨੂੰ ਸਮਝਦਾ ਹੈ/ਸਮਝਦੇ ਹਨ। | ☐ | ☐ | ☐ | ☐ | ☐ | ☐ |

9. ਕੀ ਤੁਸੀਂ ਆਪਣੇ ਬੱਚੇ/ਬੱਚਿਆਂ ਦੇ ਸਕੂਲ ਵਿੱਚ ਉਹਨਾਂ ਦੀ ਪੜ੍ਹਾਈ ਵਿੱਚ ਮਦਦ ਲਈ ਹੇਠਲੀਆਂ ਚੀਜ਼ਾਂ ਦੀ ਪੇਸ਼ਕਸ਼ ਹੁੰਦੀ ਸੁਣੀ ਹੈ?

| | ਹਾਂ | ਨਹੀਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|
| ਸਿੱਖਣ ਦੇ ਰਸਮੀ ਮੌਕੇ (ਜਿਵੇਂ, ਅਜਿਹੇ ਮੌਕੇ ਜਿਨ੍ਹਾਂ ਦਾ ਪ੍ਰਬੰਧ *ਪੇਰੇਂਟ ਇਨਵਾਲਵਮੈਂਟ ਕਮੇਟੀ* ਅਤੇ/ਜਾਂ *ਸਕੂਲ ਕਾਉਂਸਿਲ* ਨੇ ਕੀਤਾ ਹੋਵੇ, ਸਕੂਲ-ਅਧਾਰਤ ਕਾਰਜਕ੍ਰਮ); | ☐ | ☐ | ☐ |
| ਸਕੂਲ ਵਲੋਂ ਪੇਸ਼ ਕੀਤੇ ਗਏ ਦੂਜੇ ਵਸੀਲੇ ਅਤੇ ਸਹਾਇਤਾ (ਜਿਵੇਂ, *ਮੈਥ ਨਾਈਟਸ,* ਮਾਨਸਿਕ ਸਿਹਤ, ਬੱਚਿਆਂ ਦੇ ਪਾਲਣ-ਪੋਸ਼ਣ ਦੀਆਂ ਰਣਨੀਤੀਆ, ਆਦਿ)। | ☐ | ☐ | ☐ |

ਅਗਲੇ ਸਵਾਲ ਸਕੂਲਾਂ ਵਿੱਚ ਮਾਪਿਆਂ ਅਤੇ ਕਮਿਊਨਿਟੀ ਦੀ ਭਾਗੀਦਾਰੀ ਬਾਰੇ ਹਨ।

10.

| | ਹਾਂ | ਨਹੀਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|
| ਕੀ ਤੁਸੀਂ ਸਕੂਲ ਵਰ੍ਹੇ 2016-2017 ਵਿੱਚ ਆਪਣੇ ਬੱਚੇ/ਬੱਚਿਆਂ ਦੇ ਸਕੂਲ ਵਿੱਚ ਵਾਲੰਟੀਅਰ ਵਜੋਂ ਕੰਮ ਕੀਤਾ ਹੈ? | ☐ | ☐ | ☐ |

11.

| | ਬਹੁਤ ਹੀ ਜ਼ਿਆਦਾ ਮੌਕੇ ਮਿਲਦੇ ਹਨ (ਜਿਵੇਂ, ਲੋੜ ਤੋਂ ਵੱਧ ਵਾਰ ਮਦਦ ਮੰਗੀ ਜਾਣੀ) | ਉਚਿਤ ਮਾਤਰਾ ਵਿੱਚ ਮੌਕੇ ਮਿਲਦੇ ਹਨ। | ਬਹੁਤ ਹੀ ਘੱਟ ਮੌਕੇ ਮਿਲਦੇ ਹਨ (ਮੈਂ ਜ਼ਿਆਦਾ ਵਾਰ ਮਦਦ ਕਰਨੀ ਚਾਹਵਾਂਗਾ(ਗੀ)। | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|
| ਜਿਥੋਂ ਤਕ ਸਕੂਲ ਦੀਆਂ ਸਰਗਰਮੀਆਂ ਵਿੱਚ ਭਾਗ ਲੈਣ ਜਾਂ ਵਾਲੰਟੀਅਰ ਵਜੋਂ ਕੰਮ ਕਰਨ ਦਾ ਸਵਾਲ ਹੈ, ਇਹਨਾਂ ਲਈ ਮੈਨੂੰ ... | ☐ | ☐ | ☐ | ☐ |

12.

| | ਹਾਂ | ਨਹੀਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|
| .ਸਕੂਲ ਸਮੁਦਾਇਕ ਸੰਸਥਾਵਾਂ ਨਾਲ ਨੇਮ ਨਾਲ ਭਾਈਵਾਈ ਜਾਂ ਸਹਿਯੋਗ ਕਰਦੇ ਹਨ। ਕੀ ਤੁਹਾਨੂੰ ਅਜਿਹੀ ਕਿਸੇ ਭਾਈਵਾਲੀ ਦਾ ਤਜਰਬਾ ਹੈ? | ☐ | ☐ | ☐ |

13. [**ਜੇ ਹਾਂ**] ਤੁਸੀਂ ਇਸ ਭਾਈਵਾਲੀ ਦੀ ਕਾਮਯਾਬੀ ਨੂੰ ਕੀ ਦਰਜਾ ਦਿਉਗੇ ਜਿਥੋਂ ਤਕ ਇਹ ਹੇਠਲੇ ਦੇ ਉਦੇਸ਼ਾਂ ਦੀ ਪ੍ਰਾਪਤੀ ਨਾਲ ਜੁੜੀ ਹੈ?

| | ਕਾਮਯਾਬ | ਵਿਚਕਾਰਲਾ ਦਰਜਾ | ਨਾਕਾਮਯਾਬ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|
| a. ਸਮੁਦਾਇਕ ਸੰਸਥਾ? | ☐ | ☐ | ☐ | ☐ |
| b. ਸਕੂਲ/ਵਿਦਿਆਰਥੀ? | ☐ | ☐ | ☐ | ☐ |

14. [**ਸਭ ਨੂੰ ਪੁੱਛੋ**] ਕੀ ਤੁਹਾਡੇ ਕੋਲ ਸਕੂਲਾਂ ਅਤੇ ਕਮਿਊਨਿਟੀ ਵਿਚਕਾਰ ਸੰਭਾਵੀ ਭਾਈਵਾਲੀ ਦੇ ਮੌਕਿਆਂ ਬਾਰੇ ਕੋਈ ਤਜਵੀਜ਼ਾਂ ਜਾਂ ਅਜਿਹੀਆਂ ਭਾਈਵਾਲੀਆਂ ਨੂੰ ਵਧਾਵਾ ਦੇਣ ਅਤੇ ਵਿਕਸਤ ਕਰਨ ਲਈ ਕੋਈ ਸੁਝਾਅ ਹਨ ਜਿਨ੍ਹਾਂ ਦਾ ਲਾਭ ਵਿਦਿਆਰਥੀਆਂ ਅਤੇ ਉਹਨਾਂ ਦੀ ਸਿੱਖਿਆ ਨੂੰ ਹੋਵੇ? [**ਖੁੱਲ੍ਹਾ ਸਿਰਾ**]

15. ਕਿਰਪਾ ਕਰਕੇ ਦੱਸੋ ਕਿ ਤੁਹਾਡੇ ਬੱਚੇ/ਬੱਚਿਆਂ ਦੇ ਸਕੂਲ ਵਿੱਚ ਤਕਨਾਲੋਜੀ ਦੀ ਵਰਤੋਂ ਬਾਰੇ ਹੇਠਲੇ ਬਿਆਨਾਂ ਨਾਲ ਤੁਸੀਂ ਕਿਸ ਹੱਦ ਤਕ ਸਹਿਮਤ ਜਾਂ ਅਸਹਿਮਤ ਹੋ।

| | ਪੂਰੀ ਤਰ੍ਹਾਂ ਸਹਿਮਤ ਹਾਂ | ਕੁਝ ਹੱਦ ਤਕ ਸਹਿਮਤ ਹਾਂ | ਕੁਝ ਹੱਦ ਤਕ ਅਸਹਿਮਤ ਹਾਂ | ਪੂਰੀ ਤਰ੍ਹਾਂ ਅਸਹਿਮਤ ਹਾਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| ਮੇਰੇ ਬੱਚੇ/ਬੱਚਿਆਂ ਨੂੰ ਸਕੂਲ ਵਿੱਚ ਆਪਣੇ ਨਿਜੀ ਇਲੈਕਟ੍ਰਾਨਿਕ ਉਪਕਰਨ ਲਿਆਉਣ ਅਤੇ ਸਿੱਖਿਆ ਦੇ ਉਦੇਸ਼ਾਂ ਲਈ ਉਹਨਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣਾ ਇੱਕ ਚੰਗੀ ਗੱਲ ਹੈ। | ☐ | ☐ | ☐ | ☐ | ☐ |
| ਮੇਰੇ ਬੱਚੇ/ਬੱਚਿਆਂ ਨੂੰ ਆਪਣੇ ਨਿਜੀ ਇਲੈਕਟ੍ਰਾਨਿਕ ਉਪਕਰਨ ਸਕੂਲ ਵਿੱਚ ਲਿਆਉਣ ਅਤੇ ਸਿੱਖਿਆ ਦੇ ਇਲਾਵਾ ਦੂਜੇ ਅਤੇ ਸੰਕਟਕਾਲੀ ਗੱਲਬਾਤ ਦੇ ਉਦੇਸ਼ਾਂ ਲਈ (ਜਿਵੇਂ, ਮਾਪਿਆਂ, ਦੋਸਤਾਂ ਦੇ ਨਾਲ ਗੱਲਬਾਤ, ਲੰਚ ਦੇ ਸਮੇਂ ਨਿੱਜੀ ਵਰਤੋਂ, ਸੋਸ਼ਲ ਮੀਡਿਆ ਆਦਿ ਲਈ) ਉਹਨਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣਾ ਇੱਕ ਚੰਗੀ ਗੱਲ ਹੈ। | ☐ | ☐ | ☐ | ☐ | ☐ |
| ਤਕਨਾਲੋਜੀ ਦੀ ਕਾਰਗਰ ਵਰਤੋਂ ਜ਼ਿਆਦਾਤਰ ਸਕੂਲਾਂ ਵਿੱਚ ਪੜ੍ਹਾਈ ਦੇ ਉਦੇਸ਼ਾਂ ਲਈ ਹੁੰਦੀ ਹੈ। | ☐ | ☐ | ☐ | ☐ | ☐ |
| ਵਿਦਿਆਰਥੀਆਂ ਦੁਆਰਾ ਸੋਸ਼ਲ ਮੀਡਿਆ ਦੀ ਕਾਰਗਰ ਵਰਤੋਂ ਜ਼ਿਆਦਾਤਰ ਸਕੂਲਾਂ ਵਿੱਚ ਪੜ੍ਹਾਈ ਅਤੇ ਸੰਚਾਰ ਦੇ ਉਦੇਸ਼ਾਂ ਲਈ ਹੁੰਦੀ ਹੈ। | ☐ | ☐ | ☐ | ☐ | ☐ |

16. ਕਿਰਪਾ ਕਰਕੇ ਦੱਸੋ ਕਿ ਹੇਠਲੇ ਬਿਆਨਾਂ ਨਾਲ ਤੁਸੀਂ ਕਿਸ ਹੱਦ ਤਕ ਸਹਿਮਤ ਜਾਂ ਅਸਹਿਮਤ ਹੋ:

| | ਪੂਰੀ ਤਰ੍ਹਾਂ ਸਹਿਮਤ ਹਾਂ | ਕੁਝ ਹੱਦ ਤਕ ਸਹਿਮਤ ਹਾਂ | ਕੁਝ ਹੱਦ ਤਕ ਅਸਹਿਮਤ ਹਾਂ | ਪੂਰੀ ਤਰ੍ਹਾਂ ਅਸਹਿਮਤ ਹਾਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| ਮੇਰੇ ਬੱਚੇ/ਬੱਚਿਆਂ ਦਾ ਸਕੂਲ ਇਹ ਯਕੀਨੀ ਬਣਾਉਂਦਾ ਹੈ ਕਿ ਭਾਗੀਦਾਰੀ ਲਈ ਸਾਰੇ ਵਿਦਿਆਰਥੀਆਂ ਨੂੰ ਮੌਕਾ ਮਿਲੇ। | ☐ | ☐ | ☐ | ☐ | ☐ |
| ਮੇਰੇ ਬੱਚੇ/ਬੱਚਿਆਂ ਦੇ ਸਕੂਲ ਦੇ ਵਿਦਿਆਰਥੀ ਇੱਕ ਦੂਜੇ ਨਾਲ ਇੱਜ਼ਤ ਨਾਲ ਗੱਲ ਕਰਦੇ ਹਨ। | ☐ | ☐ | ☐ | ☐ | ☐ |
| ਮੇਰੇ ਬੱਚੇ/ਬੱਚਿਆਂ ਦੇ ਸਕੂਲ ਵਿੱਚ ਵਿਅਕਤੀਗਤ ਮਤਭੇਦਾਂ ਅਤੇ ਵਿਭਿੰਨਤਾ ਦਾ ਸਨਮਾਨ, ਕੱਦਰ ਅਤੇ ਪ੍ਰਸ਼ੰਸਾ ਹੁੰਦੀ ਹੈ। | ☐ | ☐ | ☐ | ☐ | ☐ |
| ਮੈਂ ਆਪਣੇ ਬੱਚੇ/ਬੱਚਿਆਂ ਵਰਗੇ ਲੋਕਾਂ ਨੂੰ ਕਲਾਸਰੂਮ ਵਿੱਚ ਵਰਤੇ ਜਾਣ ਵਾਲੇ ਵਸੀਲਿਆਂ (ਜਿਵੇਂ, ਪਾਠ ਪੁਸਤਕਾਂ, ਔਨਲਾਈਨ ਵਸੀਲੇ) ਅਤੇ ਸਕੂਲ ਦੇ ਭੌਤਿਕ ਵਾਤਾਵਰਨ (ਜਿਵੇਂ, ਪੋਸਟਰ) ਵਿੱਚ ਦੇਖਦਾ(ਦੀ) ਹਾਂ। | ☐ | ☐ | ☐ | ☐ | ☐ |
| ਮੇਰਾ ਬੱਚਾ/ਮੇਰੇ ਬੱਚੇ ਸਕੂਲ ਵਿੱਚ ਸੁਰੱਖਿਅਤ ਮਹਿਸੂਸ ਕਰਦਾ ਹੈ/ਕਰਦੇ ਹਨ। | ☐ | ☐ | ☐ | ☐ | ☐ |

17. ਕਿਰਪਾ ਕਰਕੇ ਦੱਸੋ ਕਿ ਹੇਠਲੇ ਬਿਆਨਾਂ ਨਾਲ ਤੁਸੀਂ ਕਿਸ ਹੱਦ ਤਕ ਸਹਿਮਤ ਜਾਂ ਅਸਹਿਮਤ ਹੋ। ਮੇਰੇ ਬੱਚੇ/ਬੱਚਿਆਂ ਨੂੰ ਹੇਠਲੀਆਂ ਚੀਜ਼ਾਂ ਲਈ ਮੌਕੇ ਮਿਲੇ ਸੀ:

| | ਪੂਰੀ ਤਰ੍ਹਾਂ ਸਹਿਮਤ ਹਾਂ | ਕੁਝ ਹੱਦ ਤਕ ਸਹਿਮਤ ਹਾਂ | ਕੁਝ ਹੱਦ ਤਕ ਅਸਹਿਮਤ ਹਾਂ | ਪੂਰੀ ਤਰ੍ਹਾਂ ਅਸਹਿਮਤ ਹਾਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| ਆਪਣੀ ਸ਼ਕਤੀ ਅਤੇ ਵਾਧੇ ਦੇ ਖੇਤਰਾਂ ਦੀ ਪਛਾਣ ਕਰਨਾ। | ☐ | ☐ | ☐ | ☐ | ☐ |
| ਆਪਣੀਆਂ ਨਿੱਜੀ ਦਿਲਚਸਪੀਆਂ ਅਤੇ ਸੰਬਧਤ ਕੈਰੀਅਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ। | ☐ | ☐ | ☐ | ☐ | ☐ |
| ਹਾਈਸਕੂਲ ਦੇ ਬਾਅਦ ਵੱਖੋ-ਵੱਖਰੇ ਰਸਤਿਆਂ (ਜਿਵੇਂ, ਐਪਰੈਂਟਿਸਸ਼ਿਪ, ਕਾਲਿਜ, ਰੁਜ਼ਗਾਰ, ਕਮਿਊਨਿਟੀ, ਯੂਨੀਵਰਸਿਟੀ) ਬਾਰੇ ਜਾਣਕਾਰੀ ਪ੍ਰਾਪਤ ਕਰਨਾ ਅਤੇ ਪਤਾ ਲਗਾਉਣਾ। | ☐ | ☐ | ☐ | ☐ | ☐ |

ਹੁਣ ਸਾਡੇ ਕੋਲ ਕੁਝ ਸਵਾਲ ਸਕੂਲ ਆਉਣ-ਜਾਣ ਦੇ ਬਾਰੇ ਹਨ।

18. ਆਮ ਤੌਰ 'ਤੇ ਤੁਹਾਡਾ ਬੱਚਾ/ਤੁਹਾਡੇ ਬੱਚੇ ਸਕੂਲ ਕਿਸ ਤਰ੍ਹਾਂ ਆਉਂਦਾ-ਜਾਂਦਾ ਹੈ/ਆਉਂਦੇ-ਜਾਂਦੇ ਹਨ? [**ਕਿਰਪਾ ਕਰਕੇ ਇੱਕ ਜਾਂ ਦੋ ਜਵਾਬਾਂ ਦੀ ਚੋਣ ਕਰੋ**]

   ☐ਸਕੂਲ ਬੱਸ
   ☐ਪਬਲਿਕ ਟ੍ਰਾਂਜ਼ਿਟ
   ☐ਕਿਸੇ ਹੋਰ ਦੁਆਰਾ ਚਲਾਈ ਕਾਰ ਵਿੱਚ
   ☐ਖੁਦ ਚਲਾਈ ਕਾਰ ਵਿੱਚ
   ☐ਪੈਦਲ
   ☐ਸਾਈਕਲ
   ☐ਹੋਰ

19. [**ਜੇ ਕੋਈ ਹੋਰ ਹੈ**] ਤੁਸੀਂ ਦੱਸਿਆ ਹੈ ਕਿ ਤੁਹਾਡਾ ਬੱਚਾ ਸਕਲੂ ਆਉਣ-ਜਾਣ ਦਾ ਕੋਈ ਤਰੀਕਾ ਪਸੰਦ ਕਰਦਾ ਹੈ। ਕੀ ਤੁਸੀਂ ਦੱਸ ਸਕਦੇ ਹੋ, ਕਿਹੜਾ? [ਖੁੱਲ੍ਹੇ **ਸਿਰੇ ਵਾਲੀ ਇੱਕ ਲਾਈਨ**]

20. ਕੀ ਤੁਹਾਡੇ ਬੱਚੇ ਦੁਆਰਾ ਆਵਾਜਾਈ ਦੇ ਕਿਰਿਆਸ਼ੀਲ ਤਰੀਕੇ (ਜਿਵੇਂ, ਪੈਦਲ, ਸਾਈਕਲ, ਸਕੇਟ-ਬੋਰਡਿੰਗ ) ਦੀ ਵਰਤੋਂ ਦੇ ਰਾਹ ਵਿੱਚ ਕੋਈ ਰੁਕਾਵਟਾਂ ਹਨ? [**ਕਿਰਪਾ ਕਰਕੇ ਇੱਕ ਜਾਂ ਦੋ ਜਵਾਬਾਂ ਦੀ ਚੋਣ ਕਰੋ**]

   ☐ਸਵੇਰੇ ਜ਼ਿਆਦਾ ਟਾਈਮ ਨਹੀਂ ਹੁੰਦਾ
   ☐ਟ੍ਰੈਫਿਕ ਬਹੁਤ ਖਤਰਨਾਕ ਹੈ
   ☐ਸਕੂਲ ਜ਼ਿਆਦਾ ਦੂਰ ਹੈ
   ☐ਸਾਡੇ ਪਰਿਵਾਰ ਲਈ ਸੁਵਿਧਾਜਨਕ ਨਹੀਂ ਹੈ
   ☐ਮੇਰਾ ਬੱਚਾ/ਮੇਰੇ ਬੱਚੇ ਨਹੀਂ ਚਾਹੁੰਦਾ/ਚਾਹੁੰਦੇ
   ☐ਮੇਰਾ ਬੱਚਾ/ਮੇਰੇ ਬੱਚੇ ਅਜਿਹੇ ਸਕੂਲ/ਪ੍ਰੋਗਰਾਮ ਵਿੱਚ ਹੈ/ਹਨ ਜਿਥੇ ਆਵਾਜਾਈ ਦਾ ਸਾਧਨ ਮੁਹੱਈਆ ਨਹੀਂ ਕੀਤਾ ਜਾਂਦਾ
   ☐ਕੋਈ ਰੁਕਾਵਟ ਨਹੀਂ
   ☐ਹੋਰ

21. [**ਜੇ ਕੋਈ ਹੋਰ ਹੈ**] ਤੁਸੀਂ ਦੱਸਿਆ ਹੈ ਕਿ ਕੋਈ ਹੋਰ ਰੁਕਾਵਟ ਹੈ। ਕੀ ਤੁਸੀਂ ਦੱਸ ਸਕਦੇ ਹੋ, ਕਿਹੜੀ? [ਖੁੱਲ੍ਹੇ **ਸਿਰੇ ਵਾਲੀ ਇੱਕ ਲਾਈਨ**]

22. ਜ਼ਿਆਦਾ ਕਿਰਿਆਸ਼ੀਲ ਆਵਾਜਾਈ ਨੂੰ ਪ੍ਰੇਰਿਤ ਕਰਨ ਲਈ ਸਕੂਲ ਕੀ ਕਰ ਸਕਦੇ ਹਨ? [**ਖੁੱਲ੍ਹਾ ਸਿਰਾ**]

ਹੇਠਲੇ ਸਵਾਲ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਦੁਆਰਾ ਸਕੂਲਾਂ ਦੇ ਸਮੁੱਚੇ ਤੌਰ 'ਤੇ **ਪ੍ਰਬੰਧ** ਦੇ ਬਾਰੇ ਹਨ।

23.

| | ਪੂਰਾ ਯਕੀਨ ਹੈ | ਕੁਝ ਹੱਦ ਤਕ ਯਕੀਨ ਹੈ | ਜ਼ਿਆਦਾ ਯਕੀਨ ਨਹੀਂ ਹੈ | ਬਿਲਕੁਲ ਵੀ ਯਕੀਨ ਨਹੀਂ ਹੈ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| ਤੁਹਾਨੂੰ ਇਸ ਬਾਰੇ ਕਿੰਨਾ ਯਕੀਨ ਹੈ ਕਿ HDSB ਤੁਹਾਡੇ ਬੱਚੇ/ਬੱਚਿਆਂ ਨੂੰ ਉੱਚੇ ਦਰਜੇ ਦੀ ਸਿੱਖਿਆ ਪ੍ਰਦਾਨ ਕਰੇਗਾ? | ☐ | ☐ | ☐ | ☐ | ☐ |

24.

| | ਸਭ ਪਤਾ ਹੈ | ਕੁਝ ਹੱਦ ਤਕ ਪਤਾ ਹੈ | ਜ਼ਿਆਦਾ ਪਤਾ ਨਹੀਂ | ਕੁਝ ਵੀ ਪਤਾ ਨਹੀਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| *ਬੋਰਡ ਆਫ ਟ੍ਰਸਟੀਜ਼* ਦੁਆਰਾ ਕਿਹੜੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਜਾਂ ਗੱਲਬਾਤ ਕੀਤੀ ਜਾ ਰਹੀ ਹੈ, ਕੀ ਤੁਹਾਨੂੰ ਪਤਾ ਹੈ? | ☐ | ☐ | ☐ | ☐ | ☐ |

HDSB ਅਜਿਹੀ ਨਿਆਂਪੂਰਨ ਸਿੱਖਿਅਕ ਵਿਵਸਥਾ ਲਈ ਵਚਨਬੱਧ ਹੈ ਜੋ ਵਾਜਬ ਅਤੇ ਸ਼ਮੂਲੀਅਤ ਵਾਲੀ ਸਿੱਖਿਆ ਦੇ ਸਿਧਾਂਤਾਂ ਦੀ ਹਮਾਇਤ ਕਰੇ ਅਤੇ ਪ੍ਰਤਿਬਿੰਬਤ ਕਰੇ ਅਤੇ ਹਰ ਵਿਦਿਆਰਥੀ ਨੂੰ ਪੜ੍ਹਾਈ ਦਾ ਮੌਕਾ ਦੇਵੇ ਭਾਵੇਂ ਉਸਦੀ ਨਸਲ, ਵਰਗ, ਲਿੰਗ, ਪ੍ਰਜਾਤੀ, ਅਸਮਰਥਤਾ, ਜਿਨਸੀ ਰੁਝਾਨ ਅਤੇ ਉਸਨੂੰ ਵੱਖਰਾ ਕਰਨ ਦੇ ਦੂਜੇ ਇਤਹਾਸਕ ਰੂਪ ਭਾਵੇਂ ਕੋਈ ਵੀ ਹੋਣ।

25.

| | ਪੂਰੀ ਤਰ੍ਹਾਂ ਸਹਿਮਤ ਹਾਂ | ਕੁਝ ਹੱਦ ਤਕ ਸਹਿਮਤ ਹਾਂ | ਕੁਝ ਹੱਦ ਤਕ ਅਸਹਿਮਤ ਹਾਂ | ਪੂਰੀ ਤਰ੍ਹਾਂ ਅਸਹਿਮਤ ਹਾਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| ਇਸ ਗੱਲ ਨਾਲ ਤੁਸੀਂ ਕਿਸ ਹੱਦ ਤਕ ਸਹਿਮਤ ਜਾਂ ਅਸਹਿਮਤ ਹੋ ਕਿ HDSB ਨਿਆਂਪੂਰਨ ਅਤੇ ਸ਼ਮੂਲੀਅਤ ਵਾਲੇ ਅਮਲਾਂ ਨੂੰ ਪ੍ਰੋਤਸ਼ਾਹਤ ਕਰਦਾ ਹੈ? | ☐ | ☐ | ☐ | ☐ | ☐ |

ਇੱਕ ਸੁਰੱਖਿਅਤ, ਨਿਆਂਪੂਰਨ ਅਤੇ ਸਤਿਕਾਰਪੂਰਨ ਸਮਾਜ ਵਿੱਚ ਵਿਦਿਆਰਥੀਆਂ ਨੂੰ ਪੜ੍ਹਨ ਅਤੇ ਵਿਕਸਤ ਹੋਣ ਦਾ ਮੌਕਾ ਦੇਣਾ ਇੱਕ ਸਾਂਝੀ ਜ਼ਿੰਮੇਵਾਰੀ ਹੈ ਜਿਸ ਵਿੱਚ ਬੋਰਡ ਅਤੇ ਸਾਡੇ ਸਕੂਲ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਧੱਕੜਸ਼ਾਹੀ ਨੂੰ ਰੋਕਣ ਅਤੇ ਉਸ ਵਿੱਚ ਦਖਲਅੰਦਾਜ਼ੀ ਕਰਨ ਦੀਆਂ ਨੀਤੀਆਂ ਵਾਲੇ ਸਕੂਲ ਪੜ੍ਹਨ ਅਤੇ ਪੜ੍ਹਾਉਣ ਦਾ ਇੱਕ ਸਕਾਰਾਤਮਕ ਮਾਹੌਲ ਪੈਦਾ ਕਰਦੇ ਹਨ ਜਿਸ ਨਾਲ ਸਾਰੇ ਵਿਦਿਆਰਥੀਆਂ ਦੀਆਂ ਵਿੱਦਿਅਕ ਪ੍ਰਾਪਤੀਆਂ ਵਿੱਚ ਸਹਾਇਤਾ ਮਿਲਦੀ ਹੈ ਅਤੇ ਵਿਦਿਆਰਥੀ ਆਪਣੀ ਪੂਰੀ ਸਮਰੱਥਾ ਤਕ ਪਹੁੰਚ ਪਾਂਦੇ ਹਨ।

ਧੱਕੜਸ਼ਾਹੀ (Bullying) ਇੱਕ ਆਕ੍ਰਮਣਸ਼ੀਲ ਅਤੇ ਅਕਸਰ ਵਾਰ ਵਾਰ ਦੁਹਰਾਇਆ ਜਾਣ ਵਾਲਾ ਵਤੀਰਾ ਹੈ ਜਿਸਦਾ ਉਦੇਸ਼ ਦੂਜੇ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਵਾਲਾ ਪ੍ਰਭਾਵ ਪੈਦਾ ਕਰਨਾ, ਡਰਾਉਣਾ ਜਾਂ ਪਰੇਸ਼ਾਨ ਕਰਨਾ ਹੁੰਦਾ ਹੈ, ਜਿਸ ਵਿੱਚ ਸਰੀਰਕ, ਮਨੋਵਿਗਿਆਨਕ, ਸਮਾਜਕ ਜਾਂ ਸਿੱਖਿਅਕ ਨੁਕਸਾਨ, ਵਿਅਕਤੀ ਦੀ ਪ੍ਰਤਿਸ਼ਠਾ ਨੂੰ ਨੁਕਸਾਨ ਜਾਂ ਉਸਦੀ ਪ੍ਰਾਪਰਟੀ ਨੂੰ ਨੁਕਸਾਨ ਵੀ ਸ਼ਾਮਲ ਹਨ। ਇਹ ਵਤੀਰਾ ਅਜਿਹੇ ਸੰਦਰਭ ਵਿੱਚ ਹੁੰਦਾ ਹੈ ਜਿਸ ਵਿੱਚ ਸ਼ਕਤੀ ਦਾ ਵਾਸਤਵਿਕ ਜਾਂ ਬੋਧਾਤਮਕ ਅਸੰਤੁਲਨ ਹੁੰਦਾ ਹੈ ਅਤੇ ਇਹ ਵਤੀਰਾ ਔਨਲਾਈਨ ਵੀ ਹੋ ਸਕਦਾ ਹੈ।

26.

| | ਹਾਂ | ਨਹੀਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|
| ਕੀ ਪਿਛਲੇ ਸਾਲ ਦੌਰਾਨ ਤੁਹਾਡੇ ਬੱਚੇ ਨਾਲ (ਜਾਂ ਬੱਚਿਆਂ ਵਿਚੋਂ ਕਿਸੇ ਨਾਲ) ਧੱਕੜਸ਼ਾਹੀ ਹੋਈ ਹੈ? | ☐ | ☐ | ☐ |

27. ਕੀ ਪਿਛਲੇ ਸਾਲ ਦੌਰਾਨ ਤੁਹਾਡੇ ਬੱਚੇ ਨੇ (ਜਾਂ ਬੱਚਿਆਂ ਵਿਚੋਂ ਕਿਸੇ ਨੇ) ਸਕੂਲ ਵਿੱਚ ਖੁਦ ਨੂੰ ਹੇਠਲੇ ਕਿਸੇ ਕਾਰਨ ਕਰਕੇ ਖੁਦ ਨੂੰ ਬਾਹਰ ਕੀਤਾ ਗਿਆ ਮਹਿਸੂਸ ਕੀਤਾ? (ਸਾਰੇ ਲਾਗੂ ਮਦਾਂ 'ਤੇ ਸਹੀ ਲਗਾਉ:

☐ਸਾਈਜ਼

☐ਤਾਕਤ

☐ਉਮਰ

☐ਬੁੱਧੀਮਾਨੀ

☐ਹਮਉਮਰ ਗਰੁਪ ਦੀ ਸ਼ਕਤੀ

☐ਵਿੱਤੀ ਰੁਤਬਾ

☐ਸਮਾਜਕ ਰੁਤਬਾ

☐ਧਰਮ

☐ਨਸਲੀ ਮੂਲ

☐ਜਿਨਸੀ ਰੁਝਾਨ

☐ਪਰਿਵਾਰਕ ਹਾਲਾਤ

☐ਲਿੰਗ

☐ਲੈਂਗਿਕ ਪਛਾਣ

☐ਲੈਂਗਿਕ ਹਾਵ-ਭਾਵ

☐ਨਸਲ

☐ਅਸਮਰਥਤਾ

☐ਵਿਸ਼ੇਸ਼ ਸਿੱਖਿਆ ਮਿਲਣਾ

☐ਕੋਈ ਹੋਰ ਕਾਰਨ

28. [**ਜੇ ਕੋਈ ਹੋਰ ਹੈ**] ਤੁਸੀਂ ਦੱਸਿਆ ਹੈ ਕਿ ਤੁਹਾਡੇ ਬੱਚੇ ਨੂੰ ਕਿਸੇ ਹੋਰ ਕਾਰਨ ਕਰਕੇ ਬਾਹਰ ਰੱਖਿਆ ਗਿਆ। ਕੀ ਤੁਸੀਂ ਦੱਸ ਸਕਦੇ ਹੋ, ਕਿਹੜਾ? [ਖੁੱਲ੍ਹੇ **ਸਿਰੇ ਵਾਲੀ ਇੱਕ ਲਾਈਨ**]

ਲਗਭਗ ਪੂਰਾ ਹੋ ਗਿਆ…

ਹੁਣ ਸਾਡੇ ਕੋਲ ਕੁਝ ਛੋਟੇ ਛੋਟੇ ਸਵਾਲ ਅੰਕੜਿਆਂ ਦੇ ਉਦੇਸ਼ਾਂ ਲਈ ਹਨ। ਅਸੀਂ ਤੁਹਾਨੂੰ ਦੁਬਾਰਾ ਯਾਦ ਦਿਵਾਉਣਾ ਚਾਹਵਾਂਗੇ ਕਿ ਤੁਹਾਡੇ ਸਾਰੇ ਜਵਾਬ ਪੂਰਾ ਸਮਾਂ ਗੁਪਤ ਰੱਖੇ ਜਾਣਗੇ।

ਆਪਣੇ ਬੱਚੇ/ਬੱਚਿਆਂ ਦੀਆਂ ਗਰੇਡ ਸੀਮਾਵਾਂ ਦੀ ਚੋਣ ਕਰੋ। ਜੇ ਤੁਹਾਡੇ ਬੱਚੇ ਇੱਕ ਤੋਂ ਵੱਧ ਸਕੂਲਾਂ ਵਿੱਚ ਹਨ ਤਾਂ ਕਿਰਪਾ ਕਰਕੇ ਉਸ ਬੱਚੇ ਦਾ ਵੇਰਵਾ ਦਿਉ ਜਿਸ ਦੇ ਲਈ ਤੁਸੀਂ ਸਰਵੇਖਣ ਭਰਿਆ ਹੈ। ਜਿਨ੍ਹਾਂ ਮਾਪਿਆਂ/ਨਿਗਰਾਨਾਂ ਦੇ ਬੱਚੇ ਇੱਕ ਤੋਂ ਵੱਧ ਸਕੂਲਾਂ ਵਿੱਚ ਹਨ, ਉਹਨਾਂ ਨੂੰ ਇੱਕ ਤੋਂ ਵੱਧ (ਹਰ ਸਕੂਲ ਲਈ ਇੱਕ) ਸਰਵੇਖਣ ਭਰਨ ਦਾ ਸੱਦਾ ਦਿੱਤਾ ਜਾਂਦਾ ਹੈ।

☐ਐਲੀਮੈਂਟਰੀ ਸਕੂਲ (ਕਿੰਡਰਗਾਰਟਨ ਤੋਂ ਗਰੇਡ 8)

☐ਹਾਈ ਸਕੂਲ (ਗਰੇਡ 9 – 12)

29.

| | ਬਰਲਿੰਗਟਨ | ੳਕਵਿੱਲ | ਮਿਲਟਨ (ਬਰੁਕਵਿੱਲ ਅਤੇ ਮਿਲਟਨ) | ਹਾਲਟਨ ਹਿੱਲਜ਼ (ਜੌਰਜਟਾਉਨ ਜਾਂ ਐਕਟਨ) | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|---|---|
| ਤੁਹਾਡੇ ਬੱਚੇ/ਬੱਚਿਆਂ ਦਾ ਸਕੂਲ ਕਿੱਥੇ ਹੈ? | ☐ | ☐ | ☐ | ☐ | ☐ |

30. ਤੁਹਾਡਾ ਬੱਚਾ/ਤੁਹਾਡੇ ਬੱਚੇ ਕਿਹੜੇ ਸਕੂਲ ਪੜ੍ਹਨ ਜਾਂਦਾ ਹੈ/ਜਾਂਦੇ ਹਨ? ਜੇ ਤੁਸੀਂ ਇੱਕ ਤੋਂ ਵੱਧ ਸਰਵੇਖਣ ਭਰ ਰਹੇ ਹੋ ਤਾਂ ਕਿਰਪਾ ਕਰਕੇ ਉਸ ਬੱਚੇ/ਸਕੂਲ ਦੀ ਚੋਣ ਕਰੋ ਜਿਸਦੇ ਬਾਰੇ ਤੁਸੀਂ ਇਸ ਸਰਵੇਖਣ ਵਿੱਚ ਜਵਾਬ ਦਿੱਤੇ ਹਨ। [**ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਅਤੇ ਖੇਤਰਾਂ ਮੁਤਾਬਕ ਡ੍ਰਾਪ ਡਾਉਨ**]

31. *ਓਨਟਾਰਿਓ ਹਿਊਮਨ ਰਾਈਟਸ ਕਮੀਸ਼ਨ* "ਨਸਲੀ ਘੱਟਗਿਣਤੀ", "ਦ੍ਰਿਸ਼ਟਮਾਨ ਘੱਟਗਿਣਤੀ", "ਕਾਲਾ ਵਿਅਕਤੀ" (ਪਰਸਨ ਆਫ ਕਲਰ) ਅਤੇ "ਗੈਰ-ਗੋਰਾ" ਦੀ ਥਾਂ 'ਤੇ "ਨਸਲੀਕ੍ਰਿਤ ਵਿਅਕਤੀ" (racialized person ) ਜਾਂ "ਨਸਲੀਕ੍ਰਿਤ ਸਮੂਹ" (racialized group) ਸ਼ਬਦਾਂ ਦੀ ਵਰਤੋਂ ਕਰਦਾ ਹੈ।

| | ਹਾਂ | ਨਹੀਂ | ਪਤਾ ਨਹੀਂ/ਦੱਸਣਾ ਨਹੀਂ ਚਾਹਵਾਂਗਾ(ਗੀ) |
|---|---|---|---|
| ਕੀ ਤੁਸੀਂ ਆਪਣੇ ਆਪ ਨੂੰ ਨਸਲੀਕ੍ਰਿਤ ਵਿਅਕਤੀ ਜਾਂ ਨਸਲੀਕ੍ਰਿਤ ਸਮੂਹ ਦੇ ਮੈਂਬਰ ਸਮਝਦੇ ਹੋ? | ☐ | ☐ | ☐ |

ਟਿੱਪਣੀਆਂ?

32. ਇਸ ਸਰਵੇਖਣ ਵਿੱਚ ਜਿਹੜੇ ਮੁੱਦਿਆਂ 'ਤੇ ਗੱਲਬਾਤ ਹੋਈ ਹੈ ਕੀ ਤੁਸੀਂ ਉਹਨਾਂ ਬਾਰੇ ਕੁਝ ਹੋਰ ਵਿਚਾਰ ਜਾ  ਟਿੱਪਣੀਆਂ ਦੱਸਣਾ ਚਾਹੋਗੇ? [**ਖੁੱਲ੍ਹਾ ਸਿਰਾ**]

ਧੰਨਵਾਦ

ਸਾਡਾ ਸਰਵੇਖਣ ਪੂਰਾ ਕਰਨ ਲਈ ਧੰਨਵਾਦ। ਤੁਹਾਡੀ ਸ਼ਮੂਲੀਅਤ ਬਹੁਤ ਮਹੱਤਵਪੂਰਨ ਹੈ। ਛੇਤੀ ਹੀ ਅਸੀਂ ਨਤੀਜਿਆਂ ਦੀ ਸਾਰਣੀ ਬਣਾਵਾਂਗੇ ਅਤੇ ਸਾਰਾਂਸ਼ ਤਿਆਰ ਕਰਾਂਗੇ। ਤੁਹਾਡੇ ਵਲੋਂ ਪ੍ਰਾਪਤ ਯੋਗਦਾਨ ਦੀ ਸੂਚਨਾ ਸਰਵੇਖਣ ਦੇ ਨਤੀਜਿਆਂ ਵਜੋਂ ਦਿੱਤੀ ਜਾਏਗੀ ਅਤੇ ਇਸਦਾ ਸਿੱਧਾ ਅਸਰ ਅਗਲੇ ਮਹੀਨਿਆਂ ਅਤੇ ਸਾਲਾਂ ਵਿੱਚ ਸੁਧਾਰ ਲਈ ਕੀਤੇ ਜਾਣ ਵਾਲੇ ਫੈਸਲਿਆਂ ਦੇ ਉੱਪਰ ਪਵੇਗਾ। ਸਾਡੇ ਵਿਦਿਆਰਥੀਆਂ ਵਲੋਂ ਇੱਕ ਵਾਰੀ ਹੋਰ ਤੁਹਾਡਾ ਬਹੁਤ ਬਹੁਤ ਧੰਨਵਾਦ।

ਆਪਣੇ ਜਵਾਬਾਂ ਨੂੰ ਸੁਰੱਖਿਅਤ ਕਰਨ ਅਤੇ ਭੇਜਣ ਲਈ ਕਿਰਪਾ ਕਰਕੇ “ਜਮ੍ਹਾਂ